ਐਬਟਸਫੋਰਡ ਪੁਲਿਸ ਵਿਭਾਗ ਦਾ ਪਾਥਵੇਜ਼
ਪ੍ਰੋਗਰਾਮ ਉਹ ਬੱਚਿਆਂ ਅਤੇ ਨੌਜਵਾਨਾਂ ਨੂੰ
ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ
ਗੈਂਗਾਂ ਜਾਂ ਅਪਰਾਧਿਕ ਗਤੀਵਿਧੀਆਂ ਵਿਚ
ਸ਼ਾਮਲ ਹੋਣ ਦਾ ਖ਼ਤਰਾ ਹੁੰਦਾ ਹੈ ।



ABBYPD

STRENGTH IN COMMUNITY

# ਪਾਥਵੇਜ਼ ਤਿੰਨ ਪੱਖੀ ਪਹੁੰਚ ਦੁਆਰਾ ਕੰਮ ਕਰਦਾ ਹੈ

1

## ਜਨਤਕ ਸ਼ਮੂਲੀਅਤ

ਜਨਤਾ ਨਾਲ ਵਿਸ਼ਵਾਸ ਕਾਇਮ ਕਰਨਾ ਅਤੇ ਗੱਲਬਾਤ ਰਾਹੀਂ ਕਮਿਊਨਟੀ ਅਤੇ ਪਰਿਵਾਰਾਂ ਤੇ ਪਏ ਗੈਂਗਾਂ ਦੇ ਪ੍ਰਭਾਵਾਂ ਨੂੰ ਸਮਝਣਾ ।

ਜਨਤਾ ਨਾਲ ਗੱਲਬਾਤ ਰਾਹੀਂ ਆਪਸੀ ਸਮਝ ਵਧਾਉਣੀ ।



2

## ਰੋਕਥਾਮ

ਨੌਜਵਾਨਾਂ ਨੂੰ ਗਿਰੋਹਾਂ ਵਿਚ ਪਾਉਣ ਵਾਲੇ ਖ਼ਤਰਿਆਂ ਦੀ ਪਛਾਣ ਕਰਨਾ ਅਤੇ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਤੋਂ ਰੋਕਨਾ ।



3

## ਸਹਾਇਤਾ

ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਸਹਾਇਤਾ ਦੇ ਮੌਕੇ ਪ੍ਰਦਾਨ ਕਰਨਾ ।



## ਨੌਜਵਾਨਾਂ ਦੇ ਗੈਂਗਾਂ ਵਿਚ ਸ਼ਾਮਲ ਹੋਣ ਦੇ ਵਿਅਕਤੀਗਤ ਕਾਰਨ

- ਘੱਟ ਸਵੈ ਮਾਣ
- ਵਿਵਹਾਰ ਦੀਆਂ ਸਮੱਸਿਆਵਾਂ
- ਸ਼ਰਾਬ ਜਾਂ ਨਸ਼ੇ ਦੀ ਵਰਤੋਂ
- ਦੋਸਤਾਂ ਦਾ ਗਲਤ ਸਮੂਹ
- ਹਿੰਸਾ ਜਾਂ ਧੱਕੇਸ਼ਾਹੀ ਦਾ ਸ਼ਿਕਾਰ
- ਘੱਟ ਪ੍ਰੇਰਣਾ
- ਘੱਟ ਵਿਦਿਅਕ ਇੱਛਾਵਾਂ









## ਪਰਿਵਾਰਕ ਕਾਰਨ ਜੋ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਿਲ ਕਰ ਸਕਦੇ ਹਨ

- ਪਰਿਵਾਰਕ ਹਿੰਸਾ
- ਪਰਿਵਾਰ ਦੀ ਅਣਦੇਖੀ
- ਪਰਿਵਾਰ ਵਿਚ ਨਸ਼ੀਲੇ ਪਦਾਰਥ ਜਾਂ ਸ਼ਰਾਬ ਦੀ ਵਰਤੋਂ
- ਮਾਪਿਆਂ ਦੀ ਗੈਰ-ਸ਼ਮੂਲੀਅਤ
- ਸਕਾਰਾਤਮਕ ਰੋਲ ਮਾੱਡਲਾਂ ਅਤੇ ਨਿਗਰਾਨੀ ਦੀ ਘਾਟ
- ਆਰਥਿਕ ਕਮੀ
- ਪਰਿਵਾਰ ਦੇ ਦੂਜੇ ਮੈਂਬਰਾਂ ਦੁਆਰਾ ਗੈਂਗ ਜਾਂ ਅਪਰਾਧੀ ਵਿਵਹਾਰ
- ਸਕਾਰਾਤਮਕ ਭੈਣ-ਭਰਾ ਜਾਂ ਮਾਪਿਆਂ ਦੇ ਪ੍ਰਭਾਵ

## ਸਕੂਲ ਦੇ ਕਾਰਨ ਜੋ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਿਲ ਕਰ ਸਕਦੇ ਹਨ



- ਘੱਟ ਵਿਦਿਅਕ ਇੱਛਾਵਾਂ
- ਸਕਾਰਾਤਮਕ ਸਕੂਲ ਵਾਤਾਵਰਣ
- ਵਿਦਿਆਰਥੀ ਦੀ ਜ਼ਿੰਮੇਵਾਰੀ ਦੀ ਘਾਟ
- ਪ੍ਰਭਾਵਸ਼ਾਲੀ ਅਨੁਸ਼ਾਸਨ ਪ੍ਰਣਾਲੀ ਦੀ ਘਾਟ
- ਸਕੂਲ ਭਾਈਚਾਰੇ ਨਾਲ ਘੱਟ ਲਗਾਵ
- ਘਰ ਅਤੇ ਸਕੂਲ ਦੇ ਸਭਿਆਚਾਰਾਂ ਵਿਚਕਾਰ ਟਕਰਾਅ



## ਸਮਾਜਿਕ ਕਾਰਨ ਜੋ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਿਲ ਕਰ ਸਕਦੇ ਹਨ

- ਦੋਸਤ ਨਸ਼ੇ ਵਰਤਦੇ ਹਨ
- ਦੋਸਤ ਗੈਂਗਾਂ ਵਿਚ ਸ਼ਾਮਲ ਹੁੰਦੇ ਹਨ
- ਅਪਰਾਧ ਕਰਨ ਵਾਲੇ ਹਾਣੀਆਂ ਪ੍ਰਤੀ ਉੱਚ ਪ੍ਰਤੀਬੱਧਤਾ
- ਬਚਪਨ ਦੌਰਾਨ ਤਣਾਅ ਦਾ ਸਾਹਮਣਾ ਕਰਨਾ
- ਸਭਿਆਚਾਰ ਨਾਲ ਸੰਪਰਕ ਦੀ ਘਾਟ

## ਹੋਰ ਦੂਸਰੇ ਕਾਰਨ ਜੋ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਿਲ ਕਰ ਸਕਦੇ ਹਨ

- ਨਕਾਰਾਤਮਕ ਕਮਿਊਨਟੀ ਪ੍ਰਭਾਵ
- ਕਮਿਊਨਟੀ ਵੱਲੋਂ ਸਹਾਇਤਾ ਸੇਵਾਵਾਂ ਦੀ ਘਾਟ
- ਕਮਿਊਨਟੀ ਅਤੇ ਸਕੂਲ ਵਿਚਕਾਰ ਸੰਬੰਧਾਂ ਦੀ ਘਾਟ
- ਗੁਆਂਢ ਵਿਚ ਗਿਰੋਹਾਂ ਦੀ ਮੌਜੂਦਗੀ
- ਗੁਆਂਢ ਵਿੱਚ ਨਸ਼ਿਆਂ ਅਤੇ ਹਥਿਆਰਾਂ ਦੀ ਉਪਲਬਧਤਾ



ਗੈਂਗਾਂ ਵਿਚ ਸ਼ਾਮਲ ਹੋਣ ਦੇ ਕਾਰਨ ਉਮਰ ਦੇ ਨਾਲ ਵੱਖ ਵੱਖ ਹੁੰਦੇ ਹਨ. ਉਦਾਹਰਣ ਵਜੋਂ, ਬਚਪਨ ਵਿੱਚ ਜੋਖਮ ਦੇ ਕਾਰਕ ਜਿਨ੍ਹਾਂ ਦਾ ਵਧੇਰੇ ਪ੍ਰਭਾਵ ਹੁੰਦਾ ਹੈ ਉਹ ਪਰਿਵਾਰ ਵਿੱਚ ਮੌਜੂਦ ਹਨ; ਜਦੋਂ ਬੱਚੇ ਵੱਡੇ ਹੁੰਦੇ ਹਨ ਅਤੇ ਆਪਣੇ ਵਾਤਾਵਰਣ ਵਿੱਚ ਵਧੇਰੇ ਏਕੀਕ੍ਰਿਤ ਹੋ ਜਾਂਦੇ ਹਨ, ਹਾਣੀਆਂ, ਸਕੂਲ, ਗੁਆਂਢ, ਅਤੇ ਕਮਿਊਨਟੀ ਨਾਲ ਜੁੜੇ ਜੋਖਮ ਦੇ ਕਾਰਕ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ।





**ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਤੋਂ ਰੋਕਣ ਦਾ ਉੱਤਰ ਸਧਾਰਨ ਅਤੇ ਗੁੰਝਲਦਾਰ ਹੈ ।**

ਨੌਜਵਾਨਾਂ ਨੂੰ ਗੈਂਗਾਂ ਵਿਚ ਜਾਣ ਤੋਂ ਰੋਕਣ ਲਈ ਸਾਨੂੰ ਜਲਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਹ ਸਹਿਯੋਗ ਸਕੂਲ, ਮਾਪਿਆਂ, ਪੁਲਿਸ ਅਤੇ ਹੋਰ ਸੰਸਥਾਵਾਂ ਨਾਲ ਹੋਣਾ ਚਾਹੀਦਾ ਹੈ ।

# ਸੁਰੱਖਿਆ ਦੇ ਕਾਰਕਾਂ ਨੂੰ ਵਧਾਉਣਾ

ਨੌਜਵਾਨਾਂ ਦੇ ਗੈਂਗਾਂ ਵਿਚ ਫਸਣ ਦੇ ਖ਼ਤਰਿਆਂ ਨੂੰ ਦੂਰ ਕਰਨ ਲਈ ਸੁਰੱਖਿਆ ਕਾਰਕ ਵਧਾਉਣ ਦੀ ਜ਼ਰੂਰਤ ਹੈ ।

ਖ਼ਤਰਿਆਂ ਦੀ ਤਰ੍ਹਾਂ ਇੱਥੇ ਸੁਰੱਖਿਆ ਦੇ ਕਾਰਕ ਮੌਜੂਦ ਹਨ ਜੋ ਨੌਜਵਾਨਾਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਤੋਂ ਰੋਕ ਸਕਦੇ ਹਨ ।

ਇਹ ਸੁਰੱਖਿਆ ਕਾਰਕ ਪਰਿਵਾਰ, ਸਕੂਲ ਅਤੇ ਕਮਿਊਨਟੀ ਵਿੱਚ ਵੀ ਮੌਜੂਦ ਹਨ ।






ਪਾਥਵੇਜ਼  ਪ੍ਰੋਗਰਾਮ ਉਹ ਨੌਜਵਾਨਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਗੈਰਕਾਨੂੰਨੀ ਗਿਰੋਹ ਜਾਂ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਖ਼ਤਰਾ ਹੁੰਦਾ ਹੈ ।ਕਿਸੇ ਵੀ ਨੌਜਵਾਨ ਨੂੰ ਪਾਥਵੇਜ਼ ਪ੍ਰੋਗਰਾਮ ਵਿਚ ਭੇਜਣ ਜਾਂ ਹਿੱਸਾ ਲੈਣ  ਲਈ ਕਿਰਪਾ ਕਰਕੇ ਹੇਠ ਦਿੱਤੇ ਫੋਨ ਨੰਬਰ ਤੇ ਕਾਲ ਕਰੋ ਜਾਂ ਐਬਟਸਫੋਰਡ ਪੁਲਿਸ ਵੈਬਸਾਈਟ ਦੁਆਰਾ ਫਾਰਮ ਜਮ੍ਹਾਂ ਕਰੋ ।

abbypd.ca

(604) 864-4898

PATHWAYS referral line

ਐਬਟਸਫੋਰਡ



ABBYPD

STRENGTH IN COMMUNITY